# ਹੈਪੇਟਾਇਟਿਸ ਸੀ ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲ

## Frequently Asked Questions about Hepatitis C

Hepatitis Education Canada

# ਹੈਪੇਟਾਈਟਿਸ ਸੀ ਕੀ ਹੁੰਦਾ ਹੈ?

ਹੈਪੇਟਾਈਟਿਸ ਸੀ (ਜਾਂ ਕਾਲਾ ਪੀਲੀਆ) ਇੱਕ ਅਜਿਹਾ ਵਾਇਰਸ (ਕੀਟਾਣੂ) ਹੈ ਜੋ ਕਿ ਜਿਗਰ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

- ਲੀਵਰ (ਜਿਗਰ) ਸਰੀਰ ਲਈ 500 ਤੋਂ ਵੀ ਵੱਧ ਕੰਮ ਕਰਦਾ ਹੈ।
- ਹੈਪੇਟਾਈਟਿਸ ਸੀ ਤੋਂ ਬਚਣ ਲਈ ਕੋਈ ਵੈਕਸੀਨ ਮੌਜੂਦ ਨਹੀਂ ਹੈ।

ਇਹ ਵਾਇਰਸ (ਕੀਟਾਣੂ) ਦੱਖਣੀ ਏਸ਼ੀਆ - ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼ 'ਚ ਆਮ ਪਾਇਆ ਜਾਂਦਾ ਹੈ।



**What is hepatitis C?**

Hepatitis C is a virus that can cause damage to the liver.

- The liver does over 500 jobs for the body.
- There is no vaccine for hepatitis C.

The virus is common in South Asia – India, Pakistan and Bangladesh

# ਹੈਪੇਟਾਈਟਿਸ ਸੀ ਕਿਵੇਂ ਫੈਲਦਾ ਹੈ ?

ਹੈਪੇਟਾਈਟਿਸ ਸੀ ਉਦੋਂ ਫੈਲਦਾ ਹੈ ਜਦੋਂ ਹੈਪੇਟਾਈਟਿਸ ਸੀ (ਜਾਂ ਕਾਲਾ ਪੀਲੀਆ) ਤੋਂ ਪ੍ਰਭਾਵਿਤ ਹੋਏ ਕਿਸੇ ਵਿਅਕਤੀ ਦਾ ਖ਼ੂਨ ਦੂਸਰੇ ਵਿਅਕਤੀ ਦੇ ਖ਼ੂਨ ਨਾਲ ਮਿਲ ਜਾਵੇ। ਦੱਖਣੀ ਏਸ਼ੀਆਈ ਦੇਸ਼ਾਂ 'ਚ ਜ਼ਿਆਦਾਤਰ ਹੇਠ ਲਿਖੀਆਂ ਚੀਜ਼ਾਂ ਦੇ ਅਸੁਰੱਖਿਅਤ ਮੁੜ-ਇਸਤੇਮਾਲ ਕਾਰਣ  ਇਹ ਵਾਪਰਦਾ ਹੈ:



- ਇਲਾਜ ਦੇ ਸਾਜ਼ੋ-ਸਾਮਾਨ ਜਿਵੇਂ ਸੂਈਆਂ, ਸਰਿੰਜਾਂ ਅਤੇ ਛੁਰੀਆਂ
- ਨਿੱਜੀ ਦੇਖਰੇਖ ਦੀਆਂ ਵਸਤੂਆਂ, ਜਿਵੇਂ ਸ਼ੇਵਿੰਗ ਬਲੇਡ
- ਸੁੰਨਤ ਦੇ ਔਜ਼ਾਰ



## How is hepatitis C spread?

Hepatitis C virus is spread when there is blood-to-blood contact with someone who has hepatitis C. In South Asian countries, this happens most often through the unsafe reuse of:

- treatment equipment, for example, needles, syringes and scalpels
- personal care service items like shaving blades
- circumcision tools

# ਕੈਨੇਡਾ ਵਿੱਚ ਹੈਪੇਟਾਈਟਿਸ ਸੀ ਫੈਲਣ ਦੇ ਜ਼ਿਆਦਾਤਰ ਹੇਠ ਲਿਖੇ ਕਾਰਣ ਹਨ:



- ਟੀਕੇ ਲਗਾਉਣਾ ਦਾ ਸਾਜ਼ੋ-ਸਾਮਾਨ ਸਾਂਝਾ ਕਰਨਾ ਜਿਵੇਂ ਸੂਈਆਂ ਅਤੇ ਸਰਿੰਜਾਂ



- ਨਸ਼ੇ ਸੁੰਘਣ ਲਈ ਵਰਤੇ ਜਾਣ ਵਾਲੀਆਂ ਚੀਜ਼ਾਂ ਤੇ ਸਾਂਝੀਆਂ ਕਰਨੀਆਂ ਇਸਤੇਮਾਲ ਕਰਨਾ

**In Canada, hepatitis C is most often spread by:**

- sharing injection equipment such as needles and syringes
- sharing drug snorting equipment

# ਕਈ ਵਾਰ, ਹੈਪੇਟਾਈਟਿਸ ਸੀ ਹੇਠ ਲਿਖੇ ਕਾਰਣਾਂ ਕਰਕੇ ਵੀ ਫੈਲ ਸਕਦਾ ਹੈ:

- ਸਰੀਰ ਦਾ ਕੋਈ ਹਿੱਸਾ ਵਿੰਨ੍ਹਾਉਣ ਜਾਂ ਟੈਟੂ ਖੁਣਵਾਉਣ ਨਾਲ
- ਵਰਤੀ ਹੋਈ ਸੂਈ ਦੇ ਚੁਭਣ ਨਾਲ

(ਜਿਵੇਂ ਆਪਣੇ ਖ਼ੂਨ ਦਾ ਟੈਸਟ ਕਰਨ ਲਈ ਕਿਸੇ ਹੋਰ ਦਾ ਸ਼ੂਗਰ ਦਾ ਗੁਲੂਕੋਜ਼ ਮੀਟਰ ਉਧਾਰ ਲੈਣਾ)



- ਅਸੁਰੱਖਿਅਤ ਸੰਭੋਗ (ਖ਼ਾਸ ਤੌਰ ਤੇ ਜੇ ਖ਼ੂਨ ਨਿਕਲ ਆਵੇ): ਆਦਮੀ ਅਤੇ ਔਰਤ ਦੇ ਵਿਚਕਾਰ; ਆਦਮੀ ਅਤੇ ਆਦਮੀ ਦੇ ਵਿਚਕਾਰ; ਜਿਨਸੀ ਹਮਲੇ ਦੌਰਾਨ (ਜੇ ਕਿਸੇ ਨੂੰ ਐੱਚ.ਆਈ.ਵੀ. ਅਤੇ ਏਡਜ਼ ਵਰਗੇ ਜਿਨਸੀ ਰੋਗ ਹੋਣ ਤਾਂ ਖਤਰਾ ਵਧੇਰੇ ਹੁੰਦਾ ਹੈ)
- ਜਨਮ ਵੇਲੇ ਨਵੇਂ-ਜੰਮੇ ਬੱਚੇ ਨੂੰ ਮਾਤਾ ਤੋਂ

**Sometimes, hepatitis C can be passed by:**

- piercing or tattooing
- being poked by a used needle (e.g. borrowing another's diabetes glucose meter to test your blood)
- unprotected sex (when there is blood): between men and women; between men and men; during sexual assault

  (The risk is higher where there are other sexually transmitted diseases like HIV)
- Mother to newborn at birth

# ਹੈਪੇਟਾਈਟਿਸ ਸੀ ਹੇਠ ਲਿਖੀਆਂ ਚੀਜ਼ਾਂ ਨਾਲ ਨਹੀਂ ਫੈਲਦਾ:

- ਪਾਣੀ
- ਭੋਜਨ



ਜਾਂ ਰੋਜ਼ਾਨਾ ਦੇ ਕੰਮਾਂ ਕਾਰਣ  ਜਿਵੇਂ:

- ਗਲਵਕੜੀ
- ਚੁੰਮਣਾ
- ਭੋਜਨ ਸਾਂਝਾ ਕਰਨਾ
- ਖੰਘਣਾ



**Hepatitis C is <u>not</u> passed through:**

• water • food

Or through day-to-day activities like:

• hugging • kissing • sharing dishes • coughing

# ਕੀ ਹੈਪੇਟਾਈਟਿਸ ਸੀ ਦੇ ਕੋਈ ਲੱਛਣ ਹੁੰਦੇ ਹਨ ?



ਸ਼ੁਰੂ 'ਚ ਜ਼ਿਆਦਾਤਰ ਲੋਕਾਂ ਵਿੱਚ ਬਹੁਤ ਘੱਟ ਜਾਂ ਕੋਈ ਲੱਛਣ ਨਹੀਂ ਹੋਣਗੇ, ਪਰ...

**Are there symptoms from hepatitis C?**

At first, most people will have no or only a few symptoms, but….

# ... ਕੁਝ ਸਮੇਂ ਬਾਅਦ, ਕਈਆਂ ਨੂੰ ਹੇਠ ਲਿਖੇ ਲੱਛਣ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ, ਜਿਵੇਂ



- ਥਕਾਵਟ
- ਪੱਠਿਆਂ 'ਚ ਪੀੜ
- ਜੋੜਾਂ ਦਾ ਦਰਦ
- ਸਿਰ ਪੀੜ
- ਚਮੜੀ ਉੱਪਰ ਖ਼ਾਰਸ਼ ਹੋਣੀ
- ਢਿੱਡ ਪੀੜ
- ਉਦਾਸੀ ਰੋਗ ਹੋਣਾ
- ਚਿੰਤਾ
- "ਦਿਮਾਗ ਦਾ ਸੁੰਨ ਹੋਣਾ" (ਧਿਆਨ ਟਿਕਾਉਣ ਅਤੇ/ਜਾਂ ਚੇਤੇ ਰੱਖਣ 'ਚ ਔਕੜ ਆਉਣੀ)

**...over time some develop symptoms such as**

- feeling tired
- muscle pain
- joint pain
- headaches
- itchy skin
- abdominal pain
- depression
- anxiety
- "brain fog" (having a hard time focusing and/or remembering)

# ਕੀ ਹੈਪੇਟਾਈਟਿਸ ਸੀ ਮੌਤ ਦੀ ਸਜ਼ਾ ਹੈ ?

ਨਹੀਂ। ਹੈਪੇਟਾਈਟਿਸ ਸੀ ਵਾਲੇ ਜ਼ਿਆਦਾਤਰ ਲੋਕ ਇਸ ਦੇ ਕਾਰਣ ਨਹੀਂ ਮਰਦੇ। ਪਰ ਲੰਮੇ ਅਰਸੇ 'ਚ, ਕੁਝ ਲੋਕ ਹੇਠ ਲਿਖੀਆਂ ਚੀਜ਼ਾਂ ਤੋਂ ਪ੍ਰਭਾਵਿਤ ਹੋ ਸਕਦੇ ਹਨ:

- ਸਿਰੋਸਿਸ (ਜਿਗਰ ਸੁੰਗੜ ਕੇ ਸਖ਼ਤ ਹੋ ਜਾਂਦਾ ਹੈ ਅਤੇ ਸਹੀ ਤਰੀਕੇ ਨਾਲ ਕੰਮ ਨਹੀਂ ਕਰਦਾ)
- ਜਿਗਰ ਦਾ ਕੈਂਸਰ
- ਜਾਂ ਜਿਗਰ ਦਾ ਟ੍ਰਾਂਸਪਲਾਂਟ (ਨਵੇਂ ਜਿਗਰ) ਦੀ ਲੋੜ ਪੈ ਸਕਦੀ ਹੈ



ਜਿਗਰ ਖ਼ਰਾਬ ਹੋਣ ਦੇ ਪੜਾਅ

Andrea Zariwn ਦੁਆਰਾ ਜਿਗਰ ਉਦਾਹਰਣ

ਨਿਮਰਤਾ ਸਹਿਤ : CATIE, ਕੈਨੇਡਾ ਵਿੱਚ ਹੈਪੇਟਾਇਟਿਸ ਸੀ ਅਤੇ ਐੱਚ ਆਈ ਵੀ ਦੀ ਜਾਣਕਾਰੀ ਦਾ ਸਰੋਤ

## Is hepatitis C a death sentence?

No. Most people who get hepatitis C do not die from it. But, over a long period of time, some will develop:

- cirrhosis (the liver shrinks and hardens and doesn't work properly)
- liver cancer
- or may need a liver transplant

Liver Illustration by Andrea Zariwn. Courtesy of CATIE

# ਕੀ ਚੰਗਾ-ਭਲਾ ਮਹਿਸੂਸ ਕਰਨ ਦੇ ਬਾਵਜੂਦ ਵੀ, ਹੈਪੇਟਾਈਟਿਸ ਸੀ ਵਾਲੇ ਲੋਕਾਂ ਨੂੰ ਹੈੱਲਥ ਕੇਅਰ ਪ੍ਰੋਵਾਈਡਰ (ਸਿਹਤ ਸੰਭਾਲ ਪ੍ਰਦਾਤਾ) ਨੂੰ ਮਿਲਣ ਦੀ ਲੋੜ ਪੈ ਸਕਦੀ ਹੈ ?

ਹਾਂ, ਹਰ 6 ਤੋਂ 12 ਮਹੀਨੇ ਬਾਅਦ! ਜੇ ਕੋਈ ਵਿਅਕਤੀ ਚੰਗਾ-ਭਲਾ ਮਹਿਸੂਸ ਕਰਦਾ ਹੈ ਅਤੇ ਉਸ ਨੂੰ ਕੋਈ ਲੱਛਣ ਵੀ ਮਹਿਸੂਸ ਨਹੀਂ ਹੁੰਦੇ, ਹੈਪੇਟਾਈਟਿਸ ਸੀ ਉਦੋਂ ਵੀ ਉਹਨਾਂ ਦੇ ਜਿਗਰ ਨੂੰ ਨੁਕਸਾਨ ਪਹੁੰਚਾ ਰਿਹਾ ਹੋ ਸਕਦਾ ਹੈ।




**Do people with hepatitis C need to see a health care provider even if they feel fine?**

Yes, every 6 to 12 months! Even if a person feels well and has no symptoms, hepatitis C can still be damaging their liver.

# ਕੀ ਜਿਗਰ ਦੇ ਨੁਕਸਾਨ ਲਈ ਟੈਸਟ ਹੁੰਦੇ ਹਨ ?




ਹਾਂ। ਜਿਗਰ ਦੇ ਨੁਕਸਾਨ ਸੰਬੰਧੀ ਟੈੱਸਟਾਂ ਵਿੱਚ ਹੇਠ ਲਿਖੇ ਸ਼ਾਮਲ ਹੋ ਸਕਦੇ ਹਨ:

- ਸਰੀਰਕ ਮੁਆਇਨਾ
- ਖ਼ੂਨ ਦੇ ਟੈਸਟ (ਖ਼ੂਨ ਦੀ ਜਾਂਚ)
- ਫ਼ਾਈਬ੍ਰੋਸਕੈਨ® (ਬਾਹਰੀ ਅਤੇ ਦਰਦ–ਰਹਿਤ)

ਵੱਖ ਵੱਖ ਟੈਸਟ ਵੱਖ ਵੱਖ ਸਮੇਂ ਤੇ ਕੀਤੇ ਜਾਂਦੇ ਹਨ।

**Are there tests for liver damage?**

Yes. Tests for liver damage can include:

- a physical exam
- blood tests
- a Fibroscan® (external and painless)

Different tests are used at different times.

# ਕਿਸੇ ਵਿਅਕਤੀ ਦੇ ਖ਼ੂਨ ਵਿੱਚ ਕਿੰਨੇ ਵਾਇਰਸ (ਕੀਟਾਣੂ) ਹਨ, ਇਸ ਨੂੰ ਪ੍ਰੋਵਾਈਡਰ (ਡਾਕਟਰ ਜਾਂ ਨਰਸ) ਕਦੋਂ ਚੈੱਕ ਕਰਦੇ ਹਨ?



ਲੋੜ ਪੈਣ ਤੇ ਹੈਲਥ ਕੇਅਰ ਪ੍ਰੋਵਾਈਡਰਾਂ ਵੱਲੋਂ ਇਹ ਬਲੱਡ ਟੈਸਟ ਕੀਤਾ ਜਾਵੇਗਾ:

- ਕਿਸੇ ਵਿਅਕਤੀ 'ਚ ਹੈਪੇਟਾਈਟਿਸ ਸੀ ਦੀ ਜਾਂਚ ਲਈ
- ਇਲਾਜ ਦਾ ਅਸਰ ਹੋ ਰਿਹਾ ਹੈ, ਇਹ ਦੇਖਣ ਲਈ

**When do providers check how much virus is in a person's blood?**

Health care providers will do this blood test when they need to:

- diagnose a person with hepatitis C
- check if treatment is working

# ਕੀ ਹੈਪੇਟਾਈਟਿਸ ਸੀ ਦਾ ਕੋਈ ਅਸਰਦਾਰ ਡਾਕਟਰੀ ਇਲਾਜ ਹੈ?



ਹਾਂ, ਜਿਹੜੇ ਦਵਾਈਆਂ ਦੀਆਂ ਨਵੀਆਂ ਗੋਲੀਆਂ ਨਾਲ ਇਲਾਜ ਪੂਰਾ ਕਰਦੇ ਹਨ, ਉਹਨਾਂ ਵਿੱਚੋਂ 90% ਤੋਂ ਵੱਧ ਮਰੀਜ਼ ਠੀਕ ਹੋ ਜਾਂਦੇ ਹਨ।

**Are there any effective medical treatments for hepatitis C?**

Yes. New tablet medications can cure more than 90% of those who complete treatment.

# ਕੀ ਗ਼ੈਰ-ਕਾਨੂੰਨੀ ਨਸ਼ਿਆਂ ਦੀ ਵਰਤੋਂ ਕਰਨ ਵਾਲੇ ਲੋਕ ਵੀ ਹੈਪੇਟਾਈਟਿਸ ਸੀ ਦਾ ਇਲਾਜ ਹਾਸਲ ਕਰ ਸਕਦੇ ਹਨ?



ਹਾਂ! ਪਰ ਉਹਨਾਂ ਨੂੰ ਉਸ ਪ੍ਰੋਵਾਈਡਰ (ਡਾਕਟਰ ਜਾਂ ਨਰਸ) ਕੋਲ ਸਲਾਹ ਲਈ ਭੇਜੇ ਜਾਣ ਦੀ ਮੰਗ ਕਰਨੀ ਚਾਹੀਦੀ ਹੈ ਜਿਸ ਨੂੰ ਕਿ ਨਸ਼ਿਆਂ ਦੇ ਆਦੀ ਲੋਕਾਂ ਨਾਲ ਕੰਮ ਕਰਨ ਦਾ ਤਜਰਬਾ ਹੋਵੇ।

ਇਹ ਪ੍ਰੋਵਾਈਡਰ (ਡਾਕਟਰ ਜਾਂ ਨਰਸ) ਉਸ ਵਿਅਕਤੀ ਨਾਲ ਗੱਲ-ਬਾਤ ਕਰ ਕੇ ਅਤੇ ਉਸ ਨਾਲ ਹੈਪੇਟਾਈਟਿਸ ਸੀ ਦੇ ਇਲਾਜ ਲਈ ਸਹੀ ਬੈਠਣ ਵਾਲੀ ਵਿਉਂਤ ਤਿਆਰ ਕਰ ਕੇ ਉਸ ਦੀ ਸਹਾਇਤਾ ਕਰਨਗੇ।

**Can people who are using illicit drugs get hep C treatment?**

Yes! But they should ask to be referred to a provider who has experience working with people who have addictions.

These providers will work with the person to discuss and develop a plan to help them fit treatment for hep C into their life.

# ਕੀ ਸ਼ਰਾਬ ਪੀਣ ਵਾਲੇ ਲੋਕ ਵੀ ਹੈਪੇਟਾਈਟਿਸ ਸੀ ਦਾ ਇਲਾਜ ਹਾਸਲ ਕਰ ਸਕਦੇ ਹਨ ?

ਜੀ ਹਾਂ ! ਪਰ ਉਹਨਾਂ ਨੂੰ ਅਜਿਹੇ ਪ੍ਰੋਵਾਈਡਰ (ਡਾਕਟਰ ਜਾਂ ਨਰਸ) ਕੋਲ ਸਲਾਹ ਲਈ ਭੇਜੇ ਜਾਣ ਦੀ ਮੰਗ ਕਰਨੀ ਚਾਹੀਦੀ ਹੈ ਜਿਸ ਨੂੰ



ਸ਼ਰਾਬ ਪੀਣ ਵਾਲੇ ਲੋਕਾਂ ਦੇ ਨਾਲ ਕੰਮ ਕਰਨ ਦਾ ਤਜਰਬਾ ਹੋਵੇ।

**Can people who drink alcohol get hep C treatment?**
Yes! But they should ask to be referred to a provider who has experience working with people who drink alcohol.

# ਕੀ ਉਹ ਲੋਕ ਵੀ ਹੈਪੇਟਾਈਟਿਸ ਸੀ ਦਾ ਇਲਾਜ ਹਾਸਲ ਕਰ ਸਕਦੇ ਹਨ ਜਿਹਨਾਂ ਨੂੰ ਹੈਪੇਟਾਈਟਿਸ ਸੀ ਦੇ ਨਾਲ ਹੋਰ ਬੀਮਾਰੀਆਂ ਵੀ ਹੋਣ ਜਿਵੇਂ ਕਿ ਹੈਪੇਟਾਈਟਿਸ ਬੀ ਜਾਂ ਸ਼ੱਕਰ ਰੋਗ (ਸ਼ੂਗਰ)?






ਹਾਂ! ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਹੈਲਥ ਕੇਅਰ ਪ੍ਰੋਵਾਈਡਰ (ਡਾਕਟਰ ਜਾਂ ਨਰਸ) ਨਾਲ ਆਪਣੇ ਸਿਹਤ ਸੰਬੰਧੀ ਸਾਰੇ ਮਸਲਿਆਂ ਬਾਰੇ ਗੱਲ-ਬਾਤ ਕਰੋ।

**Can people with hepatitis C who also have other diseases, like hepatitis B or diabetes, get hepatitis C treatment?**

Yes! It's important to discuss all your health issues with your health care provider.

# ਹੈਪੇਟਾਈਟਿਸ ਸੀ ਦੇ ਐਂਟੀ-ਵਾਇਰਲ ਇਲਾਜ ਦੇ ਕੀ ਕੋਈ ਸਾਈਡ ਇਫ਼ੈਕਟ (ਬੁਰੇ ਪ੍ਰਭਾਵ) ਹੁੰਦੇ ਹਨ?



ਹਾਂ। ਲੱਛਣ ਵੱਖ-ਵੱਖ ਹੁੰਦੇ ਹਨ ਅਤੇ ਨਵਿਆਂ ਇਲਾਜਾਂ ਕਰਕੇ ਇਹ ਘੱਟ ਹੁੰਦੇ ਹਨ। ਇਹਨਾਂ ਵਿੱਚ ਫ਼ਲੂ (ਜ਼ੁਕਾਮ) ਵਰਗੇ ਲੱਛਣਾਂ ਦਾ ਹੋਣਾ, ਸੌਣ 'ਚ ਮੁਸ਼ਕਲ ਆਉਣੀ ਅਤੇ ਥਕਾਵਟ ਸ਼ਾਮਲ ਹੋ ਸਕਦੇ ਹਨ।

ਇਲਾਜ ਕਾਰਣ  ਹੋਏ ਸਾਈਡ ਇਫ਼ੈਕਟਾਂ (ਬੁਰੇ ਪ੍ਰਭਾਵਾਂ) ਨਾਲ ਕਿਵੇਂ ਨਜਿੱਠਣਾ ਹੈ, ਇਸ ਬਾਰੇ ਤੁਸੀਂ ਆਪਣੇ ਹੈਲਥ ਕੇਅਰ ਪ੍ਰੋਵਾਈਡਰ (ਡਾਕਟਰ ਜਾਂ ਨਰਸ) ਨਾਲ ਗੱਲ-ਬਾਤ ਕਰੋ।

**Are there side effects from hepatitis C antiviral treatment?**

Yes. Symptoms vary and are mild with new treatments and may include:
flu-like symptoms; difficulty sleeping, and tiredness
Talk with your health care provider about how to manage treatment side effects.



ਹੈਪੇਟਾਈਟਿਸ ਸੀ ਅਤੇ ਇਸ ਦੇ ਇਲਾਜ ਦਾ ਲੋਕਾਂ ਤੇ ਵੱਖੋ ਵੱਖਰਾ ਅਸਰ ਹੁੰਦਾ ਹੈ। ਕੁਝ ਲੋਕਾਂ ਨੂੰ ਸਮੇਂ ਸਮੇਂ 'ਤੇ ਹੈਲਥ ਕੇਅਰ ਪ੍ਰੋਵਾਈਡਰਾਂ (ਸਿਹਤ ਸੰਭਾਲ ਕਰਨ ਵਾਲਿਆਂ, ਡਾਕਟਰ ਜਾਂ ਨਰਸ), ਪਰਿਵਾਰ, ਦੋਸਤਾਂ, ਅਤੇ ਹਮਉਮਰ ਸਾਥੀਆਂ ਦੇ ਸਹਾਰੇ ਦੀ ਲੋੜ ਪੈ ਸਕਦੀ ਹੈ।

Hepatitis C and its treatment affect people differently. People may need support from health care providers, family, friends, and peers from time to time.

ਹੋਰ ਜਾਣਕਾਰੀ ਲਈ www.hepatitiseducation.ca ਤੇ ਜਾਉ।

ਇਹ ਸ੍ਰੋਤ ਹੈਪੇਟਾਈਟਿਸ ਐਜੂਕੇਸ਼ਨ ਕੈਨੇਡਾ ਦੁਆਰਾ ਤਿਆਰ ਕੀਤਾ ਗਿਆ ਸੀ। ਇਹ ਹੈਪੇਟਾਈਟਿਸ ਸੀ ਤੋਂ ਪ੍ਰਭਾਵਿਤ ਹੋਏ ਵਿਅਕਤੀਆਂ ਅਤੇ ਕੈਨੇਡਾ ਭਰ ਵਿੱਚ ਸੇਵਾਵਾਂ ਪ੍ਰਦਾਨ ਕਰਨ ਵਾਲਿਆਂ ਦੇ ਕੀਮਤੀ ਯੋਗਦਾਨ ਦੇ ਬਿਨਾਂ ਸੰਭਵ ਨਹੀਂ ਸੀ, ਜਿਸ ਵਿੱਚ ਸ਼ਾਮਲ ਹਨ: ਕੈਨੇਡੀਅਨ ਐਸੋਸੀਏਸ਼ਨ ਆਫ਼ ਹੈਪੇਟੌਲੋਜੀ ਨਰਸਿਜ਼, ਕੇਟੀਜ਼ (CATIE's) ਹੈਪੇਟਾਈਟਿਸ ਸੀ ਐਥਨੋਕਲਚਰਲ ਐਜੂਕੇਸ਼ਨ, ਆਊਟਰੀਚ ਐਂਡ ਸੋਸ਼ਲ ਮਾਰਕਿਟਿੰਗ ਪ੍ਰੋਗਰਾਮ, ਇੰਡੀਆ ਰੇਨਬੋ ਕਮਿਊਨਿਟੀ ਸਰਵਿਸਿਜ਼ ਆਫ਼ ਪੀਲ, ਪੌਜ਼ਿਟਿਵ ਹੈੱਲਥ ਸਰਵਿਸਿਜ਼ ਕਲੀਨਿਕ, ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸਿਜ਼ ਸੁਸਾਇਟੀ, ਅਤੇ ਪੰਜਾਬੀ ਕਮਿਊਨਿਟੀ ਹੈੱਲਥ ਸਰਵਿਸਿਜ਼ । ਪਬਲਿਕ ਹੈੱਲਥ ਏਜੰਸੀ ਆਫ਼ ਕੈਨੇਡਾ ਵੱਲੋਂ ਮਾਲੀ ਮਦਦ ਰਾਹੀਂ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਅਤੇ ਬੀ ਸੀ ਸੈਂਟਰ ਫੌਰ ਡਿਜ਼ੀਜ਼ ਕੰਟ੍ਰੋਲ ਦੁਆਰਾ ਸਹਿਯੋਗ ਪ੍ਰਦਾਨ ਕੀਤਾ ਗਿਆ।*

* ਇੱਥੇ ਪ੍ਰਗਟਾਏ ਗਏ ਵਿਚਾਰ ਜ਼ਰੂਰੀ ਤੌਰ 'ਤੇ ਪਬਲਿਕ ਹੈਲਥ ਏਜੰਸੀ ਆਫ਼ ਕੈਨੇਡਾ ਦੇ ਵਿਚਾਰਾਂ ਦੀ ਨੁਮਾਇੰਦਗੀ ਨਹੀਂ ਕਰਦੇ।*

For more information visit www.hepatitiseducation.ca.

This resource was created by Hepatitis Education Canada. It would not have been possible without the valuable contributions from individuals affected by hepatitis C and service providers across Canada including:  the Canadian Association of Hepatology Nurses, CATIE's Hepatitis C Ethnocultural Education, Outreach and Social Marketing Program, India Rainbow Community Services of Peel, Positive Health Services Clinic, Progressive Intercultural Community Services Society, and Punjabi Community Health Services. Support was provided by the University of British Columbia and the BC Centre for Disease Control, with funding from the Public Health Agency of Canada.*

*The views expressed herein do not necessarily represent the views of the Public Health Agency of Canada.

Hepatitis Education
Canada

©2018